ਬੀ.ਏ. ਦੂਜਾ, ਪੰਜਾਬੀ ਲਾਜ਼ਮੀ (ਸਮੈਸਟਰ ਤੀਜਾ ਅਤੇ ਚੌਥਾ)

ਰੈਗੂਲਰ ਪ੍ਰੀਖਿਆਰਥੀਆਂ ਲਈ

2021-22, 2022-23 ਅਤੇ 2023-24 ਸੈਸ਼ਨ ਲਈ

(ਸਮੈਸਟਰ ਤੀਜਾ)

| | |
|---|---|
| ਕੁਲ ਅੰਕ : 100 | ਵਿਸ਼ੇ ਵਿਚੋਂ ਪਾਸ ਹੋਣ ਲਈ ਅੰਕ : 40 |
| ਅੰਦਰੂਨੀ ਮੁਲਾਂਕਣ : 25 ਅੰਕ | ਅੰਦਰੂਨੀ ਮੁਲਾਂਕਣ ਵਿਚੋਂ ਪਾਸ ਹੋਣ ਲਈ ਅੰਕ : 10 |
| ਬਾਹਰੀ ਪਰੀਖਿਆ: 75 ਅੰਕ | ਬਾਹਰੀ ਪਰੀਖਿਆ ਵਿਚੋਂ ਪਾਸ ਹੋਣ ਲਈ ਅੰਕ : 30 |
| ਸਮਾਂ : 3 ਘੰਟੇ | (ਅਧਿਆਪਨ: 50 ਪੀਰੀਅਡ, 6 ਪੀਰੀਅਡ ਪ੍ਰਤੀ ਹਫਤਾ) |

## ਪਾਠਕ੍ਰਮ ਅਤੇ ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

### ਭਾਗ-ੳ

ੳ-1: ਨਾਵਲ ਕੀ ਹੁੰਦਾ ਹੈ, ਨਾਵਲ ਦਾ ਸਰੂਪ, ਨਾਵਲ ਅਤੇ ਨਾਵਲੈੱਟ ਵਿਚ ਅੰਤਰ, ਨਾਵਲ ਅਤੇ ਕਹਾਣੀ ਵਿਚ ਅੰਤਰ

ੳ-2: ਨਾਵਲ: **ਰੋਹੀ ਬੀਆਬਾਨ (ਕਰਮਜੀਤ ਸਿੰਘ ਕੁੱਸਾ),**

**ਨੋਟ**: ਵਿਦਿਆਰਥੀ ਨੂੰ ਨਾਵਲ ਪੜ੍ਹਨ ਲਈ ਉਤਸਾਹਿਤ ਕੀਤਾ ਜਾਵੇਗਾ ਅਤੇ ਨਾਵਲ ਬਾਰੇ ਉਸ ਨੂੰ ਆਪਣੀ ਰਾਇ ਬਨਾਉਣ ਅਤੇ ਪਾਠਕੀ ਹੁੰਗਾਰੇ ਨੂੰ ਦਰਜ ਕਰਨਾ ਸਿਖਾਇਆ ਜਾਵੇਗਾ

### ਭਾਗ-ਅ

ਅ-1: ਪੰਜਾਬੀ ਪੱਤਰਕਾਰੀ:

ੳ) ਖ਼ਬਰ ਅ) ਵਿਸ਼ੇਸ਼ ਅਖ਼ਬਾਰੀ ਰਿਪੋਰਟ ੲ) ਫ਼ੀਚਰ ਲੇਖਣ ਸ) ਇਸ਼ਤਿਹਾਰ ਲੇਖਣ ਹ) ਇਸ਼ਤਿਹਾਰੀ ਖ਼ਬਰ: ਸੰਕਲਪ ਅਤੇ ਅਭਿਆਸ

(ਇਸ ਖੰਡ ਦੇ ਆਧਾਰ 'ਤੇ ਵਿਦਿਆਰਥੀ ਤੋਂ ਇੱਕ ਅਭਿਆਸ-ਪੁਸਤਕ ਤਿਆਰ ਕਰਵਾਈ ਜਾਵੇਗੀ। ਉਸ ਵਿਚ ਵਿਦਿਆਰਥੀ ਕੁਲ 20 ਪੰਨੇ ਦੀਆਂ ਖ਼ਬਰਾਂ, ਵਿਸ਼ੇਸ਼ ਅਖ਼ਬਾਰੀ ਰਿਪੋਰਟਾਂ, ਨਿਊਜ਼ ਫ਼ੀਚਰ, ਇਸ਼ਤਿਹਾਰ ਅਤੇ ਇਸ਼ਤਿਹਾਰੀ ਖ਼ਬਰਾਂ ਤਿਆਰ ਕਰੇਗਾ। ਹਰ ਵੰਨਗੀ ਦੀਆਂ ਘੱਟ ਤੋਂ ਘੱਟ ਦੋ ਲਿਖਤਾਂ ਜ਼ਰੂਰ ਸ਼ਾਮਿਲ ਕੀਤੀਆਂ ਜਾਣਗੀਆਂ। ਅੰਦਰੂਨੀ ਮੁਲਾਂਕਣ ਵਿਚ ਅਸਾਈਨਮੈਂਟ ਦੇ ਨੰਬਰ ਇਸ ਅਭਿਆਸ ਪੁਸਤਕ ਦੇ ਆਧਾਰ 'ਤੇ ਦਿੱਤੇ ਜਾਣਗੇ)

ਅ-2 ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿੱਪੀ ਨਾਲ ਜਾਣ-ਪਛਾਣ:

ੳ) ਪੰਜਾਬੀ ਭਾਸ਼ਾ ਦਾ ਇਤਿਹਾਸ ਅਤੇ ਇਲਾਕਾਈ ਵੰਨਗੀਆਂ

ਅ) ਗੁਰਮੁਖੀ ਲਿੱਪੀ ਦਾ ਇਤਿਹਾਸ ਅਤੇ ਗਰਮੁਖੀ ਆਰਥੋਗਰਾਫ਼ੀ

ੲ) ਪੰਜਾਬੀ ਧੁਨੀ ਵਿਉਂਤ: ਸਵਰ, ਵਿਅੰਜਨ, ਖੰਡੀ ਅਤੇ ਅਖੰਡੀ ਧੁਨੀਆਂ

### ਭਾਗ-ੲ

ਪਾਠਕ੍ਰਮ ਦੇ ਭਾਗ ੳ ਅਤੇ ਅ ਵਿਚੋਂ ਸੰਖੇਪ ਉਤਰਾਂ ਵਾਲੇ ਪ੍ਰਸ਼ਨ।

## ਅੰਕ-ਵੰਡ ਅਤੇ ਪੇਪਰ ਸੈੱਟਰ ਲਈ ਹਦਾਇਤਾਂ

1. ਪਾਠਕ੍ਰਮ ਦੇ ਦੋ ਭਾਗ ੳ ਅਤੇ ਅ ਹਨ ਪਰ ਪ੍ਰਸ਼ਨ ਪੱਤਰ ਦੇ ਤਿੰਨ ਭਾਗ ੳ, ਅ ਅਤੇ ੲ ਹੋਣਗੇ।

2. ਭਾਗ ੳ-1) ਵਿਚੋਂ 2 ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਵਿਚੋਂ ਵਿਦਿਆਰਥੀ ਇੱਕ ਪ੍ਰਸ਼ਨ ਦਾ ਉੱਤਰ ਦੇਵੇਗਾ। ਇਹ ਪ੍ਰਸ਼ਨ ਦਿੱਤੇ ਗਏ ਗਲਪ ਰੂਪਾਂ ਦੇ ਸਰੂਪ, ਤੱਤਾਂ ਬਾਰੇ ਜਾਂ ਇਨ੍ਹਾਂ ਵਿਚਕਾਰ ਸਮਾਨਤਾਵਾਂ ਜਾਂ ਅੰਤਰਾਂ ਬਾਰੇ ਹੋਣਗੇ। 10 ਅੰਕ

3. ਭਾਗ ੳ-2 ਵਿੱਚੋਂ ਦੋ ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਵਿਚੋਂ ਵਿਦਿਆਰਥੀ ਨੇ ਇੱਕ ਦਾ ਉੱਤਰ ਦੇਣਾ ਹੋਵੇਗਾ। ਨਾਵਲ ਬਾਰੇ ਪਾਠਕੀ ਹੁੰਗਾਰਾ, ਨਾਵਲ ਬਾਰੇ ਵਿਦਿਆਰਥੀ ਦੇ ਪ੍ਰਭਾਵ, ਨਾਵਲ ਦੇ ਮੰਤਵ ਅਤੇ ਜੀਵਨ ਨੂੰ ਸਮਝਣ ਵਿਚ ਨਾਵਲ ਦੇ ਮਹੱਤਵ ਬਾਰੇ ਪ੍ਰਸ਼ਨ ਪੁੱਛਿਆ ਜਾ ਸਕਦਾ ਹੈ। ਇਸ ਭਾਗ ਵਿਚ ਪਾਤਰਾਂ ਬਾਰੇ ਵੀ ਪ੍ਰਸ਼ਨ ਪੁੱਛੇ ਜਾ ਸਕਦੇ ਹਨ। ਨਾਵਲ ਦੇ ਵਿਸ਼ੇ-ਵਸਤੂ, ਵਿਚਾਰਧਾਰਾ, ਸਮਕਾਲੀ ਜੀਵਨ ਵਿਚ ਨਾਵਲ ਦੇ ਵਿਸ਼ੇ ਦੇ ਮਹੱਤਵ, ਪਾਤਰਾਂ ਦੀ ਘਾੜਤ, ਮਨਪਸੰਦ ਪਾਤਰ, ਪਾਤਰਾਂ ਦੇ ਸੁਭਾਅ ਦਾ ਵਿਸ਼ਲੇਸ਼ਣ ਕਰਨ ਲਈ ਕਿਹਾ ਜਾ ਸਕਦਾ ਹੈ। ਪ੍ਰਸ਼ਨ ਪੱਤਰ ਬਣਾਉਣ ਲੱਗਿਆਂ ਧਿਆਨ ਰੱਖਿਆ ਜਾਵੇ ਕਿ ਵਿਦਿਆਰਥੀ ਦੇ ਆਪਣੇ ਵਿਚਾਰਾਂ ਦੇ ਪ੍ਰਗਟਾਵੇ ਨੂੰ ਉਤਸਾਹਿਤ ਕੀਤਾ ਜਾਵੇ। 10 ਅੰਕ

4. ਭਾਗ ਅ-1 ਵਿਚ ਦਰਜ ਪੱਤਰਕਾਰੀ ਰੂਪਾਂ ਦੀ ਪਰਿਭਾਸ਼ਾ, ਸਰੂਪ, ਪ੍ਰਕਾਰਜ ਅਤੇ ਮਹੱਤਵ ਦੇ ਨਾਲ ਨਾਲ ਇਨ੍ਹਾਂ ਰੂਪਾਂ ਦੇ ਆਪਸੀ ਨਿਖੇੜੇ ਬਾਰੇ ਪ੍ਰਸ਼ਨ ਪੁੱਛੇ ਜਾ ਸਕਦੇ ਹਨ। ਇਸ ਭਾਗ ਵਿਚੋਂ ਕੁਲ 4 ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਵਿਚੋਂ ਵਿਦਿਆਰਥੀ ਨੇ 2 ਪ੍ਰਸ਼ਨ ਦਾ ਉੱਤਰ ਇੱਕ-ਡੇਢ ਪੰਨੇ ਵਿਚ ਦੇਣਾ ਹੋਵੇਗਾ। 5x2=10 ਅੰਕ

5. ਭਾਗ ਅ-2 ਵਿਚੋਂ ਵੀ 5 ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਵਿਚੋਂ ਵਿਦਿਆਰਥੀ ਨੇ 3 ਪ੍ਰਸ਼ਨ ਦਾ ਉੱਤਰ ਇੱਕ-ਡੇਢ ਪੰਨੇ ਵਿਚ ਦੇਣਾ ਹੋਵੇਗਾ। 5x3=15 ਅੰਕ

6. ਪ੍ਰਸ਼ਨ ਪੱਤਰ ਦੇ ਭਾਗ ੲ ਵਿਚ ਪਾਠਕ੍ਰਮ ਦੇ ਭਾਗ ੳ ਅਤੇ ਅ ਵਿਚੋਂ 15 ਪ੍ਰਸ਼ਨ ਪੁੱਛੇ ਜਾਣਗੇ, ਵਿਦਿਆਰਥੀ ਨੇ ਇਨ੍ਹਾਂ ਸਾਰੇ ਪ੍ਰਸ਼ਨਾਂ ਦਾ ਉੱਤਰ 5-6 ਸਤਰਾਂ ਵਿਚ ਦੇਣਾ ਹੋਵੇਗਾ। 15x2=30 ਅੰਕ

## ਸਹਾਇਕ ਪਾਠ ਸਮੱਗਰੀ


1. ਰਾਜਿੰਦਰਪਾਲ ਸਿੰਘ ਬਰਾੜ, ਬਲਦੇਵ ਸਿੰਘ ਚੀਮਾ, ਆਧੁਨਿਕ ਪੰਜਾਬੀ ਸਾਹਿਤ ਰੂਪਾਕਾਰ: ਸਿਧਾਂਤ ਅਤੇ ਰੂਪਾਂਤਰਣ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011
2. ਸਾਹਿਤ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989
3. ਡਾ. ਪਰਮਿੰਦਰ ਸਿੰਘ ਤੇ ਕਿਰਪਾਲ ਸਿੰਘ ਕਸੇਲ, ਸਾਹਿਤ ਦੇ ਰੂਪ, ਲਹੌਰ ਬੁੱਕ ਸ਼ਾਪ, 1977
4. ਡਾ. ਟੀ. ਆਰ, ਵਿਨੋਦ, ਨਾਵਲ ਆਲੋਚਨਾ ਸ਼ਬਦਾਵਲੀ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999
5. ਗਿ. ਲਾਲ ਸਿੰਘ ਤੇ ਹਰਕੀਰਤ ਸਿੰਘ, ਕਾਲਜ ਪੰਜਾਬੀ ਵਿਆਕਰਣ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟਬੁੱਕ ਬੋਰਡ, ਚੰਡੀਗੜ੍ਹ
6. ਸੰਤ ਸਿੰਘ ਸੇਖੋਂ, ਸਾਹਿਤਆਰਥ, ਲਾਹੌਰ ਬੁੱਕ ਸ਼ਾਪ, ਲੁਧਿਆਣਾ
7. ਖੋਜ ਪਤ੍ਰਿਕਾ (ਗਲਪ ਵਿਸ਼ੇਸ਼ ਅੰਕ), ਪੰਜਾਬੀ ਯੂਨੀਵਰਸਿਟੀ, ਪਟਿਆਲਾ

ਬੀ.ਏ. ਭਾਗ ਦੂਜਾ, ਪੰਜਾਬੀ ਲਾਜ਼ਮੀ (ਸਮੈਸਟਰ ਤੀਜਾ ਅਤੇ ਚੌਥਾ)

ਰੈਗੂਲਰ ਪਰੀਖਿਆਰਥੀਆਂ ਲਈ

2021-22, 2022-23, 2023-24 **ਸੈਸ਼ਨਾਂ ਲਈ**

(ਸਮੈਸਟਰ ਚੌਥਾ)

ਕੁਲ ਅੰਕ : 100 — ਵਿਸ਼ੇ ਵਿਚੋਂ ਪਾਸ ਹੋਣ ਲਈ ਅੰਕ : 40

ਅੰਦਰੂਨੀ ਮੁਲਾਂਕਣ : 25 ਅੰਕ — ਅੰਦਰੂਨੀ ਮੁਲਾਂਕਣ ਵਿਚੋਂ ਪਾਸ ਹੋਣ ਲਈ ਅੰਕ : 10

ਬਾਹਰੀ ਪਰੀਖਿਆ: 75 ਅੰਕ — ਬਾਹਰੀ ਪਰੀਖਿਆ ਵਿਚੋਂ ਪਾਸ ਹੋਣ ਲਈ ਅੰਕ : 30

ਸਮਾਂ : 3 ਘੰਟੇ — (ਅਧਿਆਪਨ: 50 ਪੀਰੀਅਡ, 6 ਪੀਰੀਅਡ ਪ੍ਰਤੀ ਹਫਤਾ)

**ਪਾਠਕ੍ਰਮ ਅਤੇ ਪ੍ਰਸ਼ਨ-ਪੱਤਰ ਦੀ ਰੂਪ-ਰੇਖਾ**

**ਭਾਗ-ੳ**

**ਕਾਵਿ ਲਹਿਰਾਂ** (ਸੰਪਾ. ਲਖਵੀਰ ਸਿੰਘ, ਡਾ. ਜਸਵਿੰਦਰ ਸਿੰਘ, ਡਾ. ਇੰਦਰਜੀਤ ਸਿੰਘ ਚੀਮਾ, ਪਬਲੀਕੇਸ਼ਨ ਬਿਓਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ)

**ਭਾਗ-ਅ**

**ਅ-1: ਪੰਜਾਬੀ ਕੰਪਿਊਟਰ ਸਿਖਲਾਈ:**

ੳ) ਗੁਰਮੁਖੀ ਫ਼ੌਂਟ: ਆਰੰਭ ਅਤੇ ਵਿਕਾਸ

ਅ) ਫ਼ੌਂਟ ਬਦਲੀ ਤਕਨੀਕ (ਫ਼ੌਂਟ ਕਨਵਰਟਰ): ਮੁੱਢਲੀ ਜਾਣਕਾਰੀ

ੲ) ਯੂਨੀਕੋਡ ਪ੍ਰਣਾਲੀ ਨਾਲ ਜਾਣ-ਪਛਾਣ

(ਇਸ ਹਿੱਸੇ ਲਈ ਵਿਦਿਆਰਥੀ ਅਭਿਆਸ-ਪੁਸਤਕ ਤਿਆਰ ਕਰੇਗਾ, ਇਹ ਅਭਿਆਸ ਪੁਸਤਕ ਸੋਫ਼ਟ ਰੂਪ ਵਿਚ ਹੋਵੇਗੀ। ਅਧਿਆਪਕ ਉਸ ਦੇ ਸੌਫ਼ਟ ਰੂਪ ਦਾ ਮੁਲਾਂਕਣ ਕਰੇਗਾ ਪਰ ਵਿਦਿਆਰਥੀ ਰਿਕਾਰਡ ਹਿਤ ਇਸ ਦਾ ਪ੍ਰਿੰਟ ਕਢਵਾ ਕੇ ਅਧਿਆਪਕ ਨੂੰ ਜਮ੍ਹਾਂ ਕਰਵਾਏਗਾ। ਉਹ ਆਪਣੇ ਮੁੱਖ ਵਿਸ਼ਿਆਂ ਨਾਲ ਸੰਬੰਧਿਤ 20 ਤੋਂ 25 ਪੰਨੇ (ਰਾਵੀ ਯੂਨੀਕੋਡ ਫ਼ੌਂਟ ਮਾਪ 12, ਸਤਰਾਂ ਵਿਚ ਵਿੱਥ 1.5, ਡਿਫ਼ਾਲਟ ਪੇਜ ਸੈਟਿੰਗ) ਲਿਖੇਗਾ, ਜਿਸ ਵਿਚ ਘੱਟ ਤੋਂ ਘੱਟ 10 ਲਿਖਤਾਂ ਜ਼ਰੂਰ ਹੋਣ।

**ਅ-2 ਵਿਆਕਰਣ:**

ੳ) ਸ਼ਬਦ ਸ਼੍ਰੇਣੀਆਂ: ਨਾਂਵ, ਪੜਨਾਂਵ, ਕਿਰਿਆ, ਵਿਸ਼ੇਸ਼ਣ, ਕਿਰਿਆ ਵਿਸ਼ੇਸ਼ਣ, ਸੰਬੰਧਕ, ਯੋਜਕ

ਅ) ਵਿਆਕਰਣਕ ਵਰਗ: ਲਿੰਗ, ਵਚਨ, ਕਾਲ, ਕਾਰਕ, ਪੁਰਖ, ਵਾਚ, ਪੱਖ (ਇਨ੍ਹਾਂ ਦੀ ਪਰਿਭਾਸ਼ਾ ਅਤੇ ਪੰਜਾਬੀ ਭਾਸ਼ਾ ਦੇ ਹਵਾਲੇ ਨਾਲ ਇਨ੍ਹਾਂ ਦੀ ਸਮਝ)

ੲ) ਗੁਰਬਾਣੀ ਵਿਆਕਰਣ ਨਾਲ ਜਾਣ-ਪਛਾਣ (ਭੂਮਿਕਾ (ਪੰਨਾ ੳ ਤੋਂ ਖ ਤਕ) ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੋਥੀ ਪਹਿਲੀ, (ਪ੍ਰਕਾਸ਼ਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ) ਦੇ ਪ੍ਰਸੰਗ ਵਿਚ)

ਭਾਗ-ੲ

ਪਾਠਕ੍ਰਮ ਦੇ ਭਾਗ ੳ ਅਤੇ ਅ ਵਿਚੋਂ ਸੰਖੇਪ ਉਤਰਾਂ ਵਾਲੇ ਪ੍ਰਸ਼ਨ।

ਅੰਕ-ਵੰਡ ਅਤੇ ਪੇਪਰ ਸੈੱਟਰ ਲਈ ਹਦਾਇਤਾਂ

1. ਭਾਗ ੳ ਵਿਚੋਂ ਕਿਸੇ ਕਵਿਤਾ ਦਾ ਵਿਸ਼ਾ ਵਸਤੂ/ ਸਾਰ/ ਪਾਠਕੀ ਹੁੰਗਾਰਾ/ ਕਵਿਤਾ ਦਾ ਸੁਨੇਹਾ ਅਤੇ ਜੀਵਨ ਵਿਚ ਮਹੱਤਵ (ਤਿੰਨ ਵਿਚੋਂ ਇੱਕ) 10 ਅੰਕ
2. ਭਾਗ ੳ ਵਿਚੋਂ ਹੀ ਕਵਿਤਾ ਦੀ ਪ੍ਰਸੰਗ ਸਹਿਤ ਵਿਆਖਿਆ (ਦੋ ਵਿਚੋਂ ਇੱਕ) 10 ਅੰਕ
3. ਭਾਗ ਅ-1 ਦੇ ਕੰਪਿਊਟਰ ਸਿਖਲਾਈ ਵਾਲੇ ਭਾਗ ਵਿਚੋਂ 4 ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਵਿਚੋਂ ਵਿਦਿਆਰਥੀ ਦੋ ਪ੍ਰਸ਼ਨ ਦਾ ਉੱਤਰ ਇੱਕ-ਡੇਢ ਪੰਨੇ ਵਿਚ ਲਿਖੇਗਾ। 2x5=10 ਅੰਕ
4. ਭਾਗ ਅ-2 ਵਿਚਲੇ ਵਿਆਕਰਣ ਨਾਲ ਸੰਬੰਧਿਤ ਵਿਸ਼ਿਆਂ ਵਿਚੋਂ 5 ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਵਿਚੋਂ ਵਿਦਿਆਰਥੀ 3 ਦਾ ਉੱਤਰ ਇੱਕ-ਡੇਢ ਪੰਨੇ ਵਿਚ ਲਿਖੇਗਾ। 3X 5 =15 ਅੰਕ
5. ਪ੍ਰਸ਼ਨ ਪੱਤਰ ਦੇ ਭਾਗ ੲ ਵਿਚ 15 ਪ੍ਰਸ਼ਨ ਪੁੱਛੇ ਜਾਣਗੇ, ਵਿਦਿਆਰਥੀ ਨੇ ਇਨ੍ਹਾਂ ਸਾਰਿਆਂ ਦੇ ਸੰਖੇਪ ਉੱਤਰ ਲਿਖਣੇ ਹੋਣਗੇ। ਇਹ ਪ੍ਰਸ਼ਨ ਪਾਠਕ੍ਰਮ ਦੇ ਭਾਗ ੳ, ਅ-1 ਅਤੇ ਅ-2 ਵਿਚ ਦਰਜ ਵਿਸ਼ਿਆਂ ਦੇ ਆਧਾਰ 'ਤੇ ਹੋਣਗੇ 15x2=30 ਅੰਕ

## ਸਹਾਇਕ ਪਾਠ-ਸਮੱਗਰੀ


1. ਡਾ. ਜੋਗਿੰਦਰ ਸਿੰਘ ਪੁਆਰ ਅਤੇ ਹੋਰ, ਪੰਜਾਬੀ ਭਾਸ਼ਾ ਦਾ ਵਿਆਕਰਣ ਭਾਗ-।, ਪੰਜਾਬੀ ਭਾਸ਼ਾ ਅਕਾਦਮੀ ਜਲੰਧਰ, 1991, ਪੰਨਾ 67-73
2. ਡਾ. ਜੋਗਿੰਦਰ ਸਿੰਘ ਪੁਆਰ ਅਤੇ ਹੋਰ, ਪੰਜਾਬੀ ਭਾਸ਼ਾ ਦਾ ਵਿਆਕਰਣ ਭਾਗ-।।, ਪੰਜਾਬੀ ਭਾਸ਼ਾ ਅਕਾਦਮੀ ਜਲੰਧਰ, 1992
3. ਗਿ. ਲਾਲ ਸਿੰਘ ਤੇ ਹਰਕੀਰਤ ਸਿੰਘ, ਕਾਲਜ ਪੰਜਾਬੀ ਵਿਆਕਰਣ, ਪੰਜਾਸ ਸਟੇਟ ਯੂਨੀ. ਟੈਸਕਟ ਬੁੱਕ ਬੋਰਡ, ਚੰਡੀਗੜ੍ਹ
4. ਰਾਜਿੰਦਰ ਪਾਲ ਸਿੰਘ, ਆਧੁਨਿਕ ਪੰਜਾਬੀ ਕਵਿਤਾ ਪੁਨਰ ਚਿੰਤਨ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ।
5. ਰਾਜਿੰਦਰ ਪਾਲ ਸਿੰਘ, ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ।
6. ਜਸਵਿੰਦਰ ਸਿੰਘ , ਨਵੀਂ ਪੰਜਾਬੀ ਕਵਿਤਾ ਪਛਾਣ ਚਿੰਨ੍ਹ, ਚੇਤਨਾ ਪ੍ਰਕਾਸ਼ਨ, ਲੁਧਿਆਣਾ
7. ਸੰਤ ਸਿੰਘ ਸੇਖੋਂ, ਸਾਹਿਤਆਰਥ, ਲਾਹੌਰ ਬੁੱਕ ਸ਼ਾਪ, ਲੁਧਿਆਣਾ
8. ਸੀ. ਪੀ. ਕੰਬੋਜ, ਪੰਜਾਬੀ ਭਾਸ਼ਾ ਦਾ ਕੰਪਿਊਟਰੀਕਰਨ, ਗਰੇਸ਼ੀਅਸ ਬੁੱਕਸ, ਪਟਿਆਲਾ
9. ਸੀ. ਪੀ. ਕੰਬੋਜ, ਕੰਪਿਊਟਰ ਵਿਗਿਆਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ